**ਪੰਜਾਬ ਸਰਕਾਰ**
**ਸਿੰਚਾਈ ਵਿਭਾਗ**
**(ਸਿੰਚਾਈ ਪ੍ਰਸੋਨਲ-2 ਸਾਖਾ)**

**ਅਧਿਸੂਚਨਾਂ**

ਨੰ:05/01/2013-2ਸਪ2/ ਮਿਤੀ,ਚੰਡੀਗੜ੍ਹ:

ਸ੍ਰੀ ਦਿਲਬਾਗ ਸਿੰਘ ਪੁੱਤਰ ਸ੍ਰੀ ਮੱਖਣ ਸਿੰਘ, ਮੁੱਖ ਫਾਇਰ ਅਫਸਰ, ਦਫਤਰ ਮੁੱਖ ਇੰਜੀਨੀਅਰ, ਬੀ.ਬੀ.ਐਮ.ਬੀ. ਤਲਵਾੜਾ ਵਲੋਂ ਮਿਤੀ 24-2-2015 ਨੂੰ ਸਵੈ ਇਛੁੱਕ ਰਿਟਾਇਰਮੈਂਟ ਲੈਣ ਲਈ ਦਿੱਤੇ 24 ਘੰਟੇ ਨੋਟਿਸ ਨੂੰ ਵਿਚਾਰਦੇ ਹੋਏ ਉਸਨੂੰ ਮਿਤੀ 25-2-2015 ਤੋਂ ਰਿਟਾਇਰ ਕੀਤਾ ਜਾਦਾ ਹੈ।

2. ਇਸ ਅਧਿਕਾਰੀ ਨੂੰ ਮਿਤੀ 25-2-2015 ਤੋਂ ਸਵੈ-ਇਛੁੱਕ ਰਿਟਾਇਰਮੈਂਟ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਦੀ ਹੈ ਕਿ ਇਸ ਅਧਿਕਾਰੀ ਵਿਰੁੱਧ ਦਸਵੀਂ ਦੇ ਸਰਟੀਫਿਕੇਟ ਦੇ ਜਾਅਲੀ ਹੋਣ ਸਬੰਧੀ ਚਲ ਰਹੀ ਸ਼ਿਕਾਇਤ ਦੀ ਪੜਤਾਲ ਰਿਪੋਰਟ ਦੇ ਸਿੱਟਿਆਂ ਦੇ ਆਧਾਰ ਤੇ ਹੀ ਇਸ ਅਧਿਕਾਰੀ ਵਿਰੁੱਧ ਅਨੁਸਾਸ਼ਨੀ ਕਾਰਵਾਈ ਕਰਨ ਜਾਂ ਇਸ ਅਧਿਕਾਰੀ ਦੇ ਪੈਨਸ਼ਨਰੀ ਲਾਭ ਜਾਰੀ ਕਰਨ ਸਬੰਧੀ ਫੈਸਲਾ ਲਿਆ ਜਾਵੇਗਾ ।

3. ਉਕਤ ਤੋਂ ਇਲਾਵਾ ਜੇਕਰ ਇਸ ਅਧਿਕਾਰੀ ਵਿਰੁੱਧ ਕੋਈ ਵਿਭਾਗੀ ਅਨੁਸਾਸ਼ਨੀ/ਚੌਕਸੀ ਪੜਤਾਲ ਜਾਂ ਮਿਸਲੇਨੀਅਸ ਐਡਵਾਂਸ ਖਾਤੇ ਵਿਚ ਖੜੀਆਂ ਰਕਮਾਂ ਦਾ ਕੇਸ ਲੰਬਿਤ ਹੋਵੇ ਅਤੇ ਜਾਂ ਭਵਿੱਖ ਵਿਚ ਕੋਈ ਹੋਰ ਵਿਭਾਗੀ/ਅਨੁਸਾਸ਼ਨੀ/ਚੌਕਸੀ ਪੜਤਾਲ/ਮੁਕੱਦਮਾ ਹੋਇਆ ਤਾਂ ਉਸ ਕੇਸ ਵਿਚ ਹੋਣ ਵਾਲੇ ਫੈਸਲੇ ਤੇ ਇਹਨਾਂ ਹੁਕਮਾਂ ਦਾ ਕੋਈ ਅਸਰ ਨਹੀਂ ਹੋਵੇਗਾ ਭਾਵ ਇਨਕੁਆਰੀ ਚਲਦੀ ਰਹੇਗੀ ਅਤੇ ਉਸ ਇਨਕੁਆਰੀ ਦੇ ਸਿੱਟੇ ਦੇ ਸਨਮੁੱਖ ਉਸ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ।

ਕਾਹਨ ਸਿੰਘ ਪੰਨੂੰ
ਸਕੱਤਰ, ਪੰਜਾਬ ਸਰਕਾਰ
ਸਿੰਚਾਈ ਵਿਭਾਗ।

ਮਿਤੀ,ਚੰਡੀਗੜ੍ਹ:
21-5-2015
ਪਿੱਠ ਅੰਕਣ ਨੰ: 05/01/2013-2ਸਿੰ.ਪ੍ਰੋ.2/ ਮਿਤੀ,ਚੰਡੀਗੜ੍ਹ:

ਇਸ ਅਧਿਸੂਚਨਾਂ ਦੀਆਂ 2 ਤਸਦੀਕਸ਼ੁਦਾ ਕਾਪੀਆਂ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਅਗਲੇ ਪ੍ਰਕਾਸਿਤ ਹੋਣ ਵਾਲੇ ਗਜਟ ਵਿੱਚ ਅਧਿਸੂਚਨਾਂ ਪ੍ਰਕਾਸਿਤ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਇਸ ਦੀਆਂ 25 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ। ਉਕਤ ਨੋਟੀਫਿਕੇਸਨ ਵਿਭਾਗ ਨੂੰ ਦਫਤਰ ਕੰਟਰੋਲਰ, ਛਪਾਈ ਤੇ ਸਟੇਸਨਰੀ, ਪੰਜਾਬ ਦੀ ਈ-ਮੇਲ ਨੰ; punjabpressmohali@gmail.com ਤੇ ਵੀ ਲੋਡ ਕਰ ਦਿੱਤੀ ਹੈ।

ਸੁਪਰਡੰਟ

ਪਿੱਠ ਅੰਕਣ ਨੰ: 05/01/2013-2ਸਿੰ.ਪ੍ਰੋ.2/ 49330/4 ਮਿਤੀ,ਚੰਡੀਗੜ੍ਹ: 26/5/2015

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਤੁਰੰਤ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: 3479-80/10ਈਈ.2/2015, ਮਿਤੀ 07/05/2015 ਦੇ ਹਵਾਲੇ ਵਿਚ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2) ਮਹਾਂਲੇਖਾਕਾਰ, ਪੰਜਾਬ,ਚੰਡੀਗੜ੍ਹ।
3) ਕਾਰਜਕਾਰੀ ਇੰਜੀਨੀਅਰ-ਕਮ-ਇੰਚਾਰਜ ਕੰਪਿਊਟਰ ਸੈਲ, ਮੁੱਖ ਦਫਤਰ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।
4) ਸ੍ਰੀ ਦਿਲਬਾਗ ਸਿੰਘ ਪੁੱਤਰ ਸ੍ਰੀ ਮੱਖਣ ਸਿੰਘ, ਮੁੱਖ ਫਾਇਰ ਅਫਸਰ, ਮਾਰਫਤ ਮੁੱਖ ਇੰਜੀਨੀਅਰ/ਨਹਿਰਾਂ, ਸਿੰਚਾਈ ਵਿਭਾਗ, ਪੰਜਾਬ, ਚੰਡੀਗੜ੍ਹ ।

ਸੁਪਰਡੰਟ

**ਅੰਦਰੂਨੀ ਵੰਡ:**

1)ਨਿੱ:ਸ:/ਮਾਨਯੋਗ ਸਿੰਚਾਈ ਮੰਤਰੀ ਜੀ
2)ਨਿੰ:ਸ:/ਮਾਨਯੋਗ ਸਕੱਤਰ ਸਿੰਚਾਈ ਜੀ
3)ਸ.ਸ.ਸ./ਅ.ਸ.ਸਿੰ(ਜ)
4)ਸ.ਸ.ਸ./ਅ.ਸ.ਸਿੰ(ਹ)
5)ਸੁਪਰਡੰਟ, ਸਿੰਚਾਈ ਪ੍ਰਸੋਨਲ- 1,3, ਸਿੰਚਾਈ ਪ੍ਰੋਜੈਕਟ ਅਤੇ ਸਿੰਚਾਈ ਕਾਰਜ ਸ਼ਾਖਾਵਾਂ ।
6)ਵਾਧੂ ਕਾਪੀ